# ਮਾਡੱਲ ਟੈਸਟ ਪੇਪਰ

## ਵਿਸ਼ਾ -ਸੰਗੀਤ (ਗਾਇਨ)

## ਸ਼੍ਰੇਣੀ - ਅੱਠਵੀਂ

## ਸੈਸ਼ਨ-2024-2025

ਸਮਾਂ - 3 ਘੰਟੇ ਕੁਲ ਅੰਕ-40

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ,11 ਤੋਂ 15 ਖਾਲੀ ਥਾਵਾਂ,16 ਤੋਂ 20 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ੳ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਤਾਨਪੁਰੇ ਵਿੱਚ ਕਿੰਨੀਆਂ ਤਾਰਾਂ ਹੁੰਦੀਆਂ ਹਨ?
2. ਸੰਗੀਤ ਵਿੱਚ ਕਿੰਨੀਆਂ ਉਪ - ਜਾਤੀਆਂ ਹਨ?
3. ਕੋਮਲ ਸੁਰਾਂ ਲਈ ਕਿਹੜੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?
4. ਪੰਡਿਤ ਦਲੀਪ ਚੰਦਰ ਬੇਦੀ ਜੀ ਨੇ ਕਿਸ ਪਾਸੋਂ ਸੰਗੀਤ ਦੀ ਵਿਦਿਆ ਪ੍ਰਾਪਤ ਕੀਤੀ?
5. ਜਿਸ ਰਾਗ ਦੇ ਆਰੋਹ ਵਿੱਚ 6 ਅਤੇ ਅਵਰੋਹ ਵਿੱਚ 7 ਸਵਰਾਂ ਦਾ ਪ੍ਰਯੋਗ ਹੋਵੇ, ਉਹ ਕਿਹੜੀ ਜਾਤੀ ਦਾ ਰਾਗ ਹੁੰਦਾ ਹੈ?
6. ਤਾਨਪੁਰੇ ਵਿੱਚ ਖੂੰਟਿਆਂ ਕਿਸ ਕੰਮ ਆਉਂਦੀਆਂ ਨੇ?
7. ਰਾਗ ਖਮਾਜ ਕਿਸ ਜਾਤੀ ਦਾ ਰਾਗ ਹੈ?
8. ਰਾਗ ਖਮਾਜ ਦਾ ਵਾਦੀ ਸਵਰ ਕੀ ਹੈ?
9. ਝੱਪਤਾਲ ਦੀ ਕਿਹੜੀ ਮਾਤਰਾ ਤੇ "ਧਿਨ" ਦਾ ਬੋਲ ਆਉਂਦਾ ਹੈ?
10. ਰਾਗ ਭੈਰਵੀ ਦਾ ਵਾਦੀ ਸੁਰ ਕੀ ਹੈ? (10X1=10)

(ਖ) ਖਾਲੀ ਥਾਵਾਂ

13. ਦਲੀਪ ਚੰਦਰ ਬੇਦੀ ਜੀ ਦਾ ਜਨਮ_________ਵਿੱਖੇ ਹੋਇਆ।
12. ਖਰਾਬ ਤੇ ਬੇਸੁਰੀ ਆਵਾਜ਼ ਗਾਇਕ ਦਾ________ਹੈ।
13. ਥਾਟ ਨੂੰ __________ ਵੀ ਕਹਿੰਦੇ ਹਨ।
14. ਖਮਾਜ ਰਾਗ ਦੇ ਅਵਰੋਹ ਵਿੱਚ___________ਸਵਰ ਵਰਜਿਤ ਹੁੰਦਾ ਹੈ।
15. ਇੱਕਤਾਲ ਵਿੱਚ_________ਮਾਤਰਾਵਾਂ ਹੁੰਦੀਆਂ ਹਨ। (5X1=5)

(ਗ) ਸਹੀ/ਗ਼ਲਤ

16. ਥਾਟ ਗਾਏ/ਵਜਾਏ ਜਾਂਦੇ ਹਨ। ☐
18. ਤਾਲ ਵਿੱਚ ਖਾਲੀ ਲਈ, ਕਿਸੇ ਚਿੰਨ੍ਹ ਦੀ ਵਰਤੋਂ ਨਹੀਂ ਕੀਤੀ ਜਾਂਦੀ। ☐
17. ਪੰਡਿਤ ਦਲੀਪ ਚੰਦਰ ਬੇਦੀ ਜੀ ਇੱਕ ਸਿਤਾਰ ਵਾਦਕ ਸਨ। ☐
19. ਰਾਗ ਖਮਾਜ, ਖਮਾਜ ਥਾਟ ਤੋਂ ਉਤਪੰਨ ਨਹੀਂ ਹੁੰਦਾ ਹੈ। ☐
20. ਇੱਕਤਾਲ ਨੂੰ ਤਬਲੇ ਉੱਤੇ ਵਜਾਇਆ ਜਾਂਦਾ ਹੈ। ☐ (5X1=5)

## ਭਾਗ - ਅ

21 ਤੋਂ 27 ਤੱਕ 7 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 5 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

21. ਸਮ ਅਤੇ ਵਿਭਾਗ ਦੀ ਤਾਲ ਵਿੱਚ ਕੀ ਮਹੱਤਤਾ ਹੈ, ਜਾਣਕਾਰੀ ਦਿਓ।
22. ਤਾਲ ਵਿੱਚ ਤਾਲੀ ਅਤੇ ਖਾਲੀ ਬਾਰੇ ਦੱਸੋ।
23. ਜਾਤੀ ਦੀ ਪਰਿਭਾਸ਼ਾ ਦਿੰਦੇ ਹੋਏ, ਸੰਪੂਰਣ ਜਾਤੀ ਦੀਆਂ ਉਪਜਾਤੀਆਂ ਨੂੰ ਵਿਸਤਾਰ ਨਾਲ ਸਮਝਾਓ।
24. ਭਾਤਖੰਡੇ ਜੀ ਦੀ ਸਵਰ ਲਿਪੀ ਵਿੱਚ ਸਵਰਾਂ(ਸ਼ੁੱਧ, ਕੋਮਲ, ਤੀਵਰ) ਦੇ ਚਿੰਨ੍ਹਾਂ ਨੂੰ ਵਿਸਤਾਰ ਨਾਲ ਸਮਝਾਓ।
25. ਇੱਕਤਾਲ ਦਾ ਪਰਿਚੈ ਲਿਖੋ।
26. ਰਾਗ ਭੈਰਵੀ ਦਾ ਪਰਿਚੈ ਲਿਖੋ।
27. ਰਾਗ ਖਮਾਜ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ। (5X2=10)

## ਭਾਗ – ੲ

28-31 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

28. ਪੰਡਿਤ ਦਲੀਪ ਚੰਦਰ ਬੇਦੀ ਜੀ ਦਾ ਜੀਵਨ ਪਰਿਚੈ ਲਿਖੋ।
29. ਸ਼ਾੜਵ ਜਾਤੀ ਬਾਰੇ ਦੱਸਦੇ ਹੋਏ, ਸ਼ਾੜਵ ਜਾਤੀ ਦੀਆਂ ਉਪਜਾਤੀਆਂ ਬਾਰੇ ਲਿਖੋ।
30. ਰਾਗ ਖਮਾਜ ਵਿੱਚ ਦਰੁੱਤ/ਛੋਟੇ ਖਿਆਲ ਦੀ ਸੁਰਲਿਪੀ ਲਿਖੋ।
31. ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ। (2X5=10)